Punjabi - Number 07a
September 2018

# ਹਲਕਾਅ
# Rabies

## ਹਲਕਾਅ (ਰੇਬੀਜ਼) ਕੀ ਹੈ?

ਹਲਕਾਅ (ਰੇਬੀਜ਼) ਰੇਬੀਜ਼ ਵਾਇਰਸ ਕਰਕੇ ਹੋਣ ਵਾਲੀ ਇੱਕ ਬਹੁਤ ਗੰਭੀਰ ਅਤੇ ਲਗਭਗ ਹਮੇਸ਼ਾ ਹੀ ਜਾਨਲੇਵਾ ਬਿਮਾਰੀ ਹੈ। ਵਾਇਰਸ ਦਿਮਾਗ ਅਤੇ ਤੰਤੂ ਪ੍ਰਣਾਲੀ ਨੂੰ ਵਿਗਾੜਗ੍ਰਸਤ ਕਰਦਾ ਹੈ। ਇਹ ਦੁੱਧ ਪਿਲਾਉਣ ਵਾਲੇ ਜੀਵਾਂ ਵਿਚਕਾਰ ਥੁੱਕ ਅਤੇ ਤੰਤੂਆਂ ਦੇ ਟਿਸ਼ੂ ਦੇ ਨਾਲ ਸੰਪਰਕ ਰਾਹੀਂ ਫੈਲਦਾ ਹੈ, ਆਮਤੌਰ ਤੇ ਚੱਕ ਦੁਆਰਾ। ਮਨੁੱਖਾਂ ਵਿੱਚ, ਹਲਕਾਅ ਨੂੰ ਸੰਪਰਕ ਹੋਣ ਤੋਂ ਬਾਅਦ ਜਲਦੀ ਹੀ ਇਮਿਊਨਾਈਜ਼ੇਸ਼ਨ ਨਾਲ ਰੋਕਿਆ ਜਾ ਸਕਦਾ ਹੈ।

ਵਾਇਰਸ ਦੁੱਧ ਪਿਲਾਉਣ ਵਾਲੇ ਕਿਸੇ ਵੀ ਜੀਵ ਨੂੰ ਵਿਗਾੜਗ੍ਰਸਤ ਕਰ ਸਕਦਾ ਹੈ। ਬੀ ਸੀ ਵਿੱਚ, ਕੇਵਲ ਚਮਗਿੱਦੜ ਹੀ ਰੇਬੀਜ਼ ਵਾਰਿਸ ਦੇ ਵਾਹਕ ਹਨ ਅਤੇ ਦੂਸਰੇ ਜਾਨਵਰ ਵਿਰਲੇ ਹੀ ਵਿਗਾੜਗ੍ਰਸਤ ਹੁੰਦੇ ਹਨ। ਕੈਨੇਡਾ ਅਤੇ ਉੱਤਰੀ ਅਮਰੀਕਾ ਦੇ ਦੂਸਰੇ ਭਾਗਾਂ ਵਿੱਚ ਹਲਕਾਅ ਦੂਸਰੀਆਂ ਜਾਤੀਆਂ ਜਿਵੇਂ ਕਿ ਰਕੂਨਾਂ, ਸਕੰਕਾਂ, ਲੂੰਬੜਾਂ ਅਤੇ ਉੱਤਰੀ ਅਮਰੀਕਾ ਦੇ ਬਘਿਆੜਾਂ (coyotes) ਵਿੱਚ ਮੌਜੂਦ ਹੈ। ਦੁਨੀਆਂ ਭਰ ਵਿੱਚ, ਟੀਕੇ ਨਾ ਲਗੇ ਹੋਏ ਕੁੱਤੇ ਰੇਬੀਜ਼ ਵਾਇਰਸ ਦੇ ਸਭ ਤੋਂ ਆਮ ਵਾਹਕ ਹਨ।

## ਮਨੁੱਖਾਂ ਵਿੱਚ ਹਲਕਾਅ ਦੇ ਕੀ ਲੱਛਣ ਹਨ?

ਬਿਮਾਰੀ ਦੇ ਲੱਛਣਾਂ ਵਿੱਚ ਸ਼ਾਮਲ ਹਨ:

- ਸਿਰਦਰਦ
- ਬੁਖਾਰ
- ਨਿਗਲਣ ਵਿੱਚ ਮੁਸ਼ਕਲ ਵਿੱਚ ਵਾਧਾ
- ਬਹੁਤ ਜਿਆਦਾ ਰਾਲਾਂ ਵੱਗਣਾ
- ਮਾਸਪੇਸ਼ੀਆਂ ਵਿੱਚ ਕੜਵਲ ਜਾਂ ਕਮਜ਼ੋਰੀ
- ਅਜੀਬ ਵਿਵਹਾਰ

ਹਲਕਾਅ ਵਾਲੇ ਜਿਆਦਾਤਰ ਲੋਕ ਬਿਮਾਰੀ ਕਰਕੇ ਮਰ ਜਾਂਦੇ ਹਨ।

## ਜਾਨਵਰਾਂ ਵਿੱਚ ਹਲਕਾਅ ਦੇ ਕੀ ਲੱਛਣ ਹਨ?

ਹਲਕਾਅ ਵਾਲੇ ਜਾਨਵਰ ਅਜੀਬ ਢੰਗ ਨਾਲ ਵਿਵਹਾਰ ਕਰ ਸਕਦੇ ਹਨ ਪਰ ਹਮੇਸ਼ਾ ਆਕ੍ਰਾਮਕ ਢੰਗ ਨਾਲ ਵਿਵਹਾਰ ਨਹੀਂ ਕਰਦੇ। ਉਹ ਡਰੇ ਹੋਣ, ਗੁੱਸੇ, ਆਲਸ, ਬਹੁਤ ਜਿਆਦਾ ਪ੍ਰਭਾਵਹੀਣ, ਬਹੁਤ ਜਿਆਦਾ ਰਾਲਾਂ ਵੱਗਣ, ਨਿਗਲਣ ਵਿੱਚ ਮੁਸ਼ਕਲ, ਲਕਵੇ, ਲੜਖੜਾਉਣ ਅਤੇ ਦੌਰਿਆਂ ਸਮੇਤ ਵੱਖ ਵੱਖ ਕਿਸਮ ਦੇ ਚਿੰਨ੍ਹ ਦਿਖਾ ਸਕਦੇ ਹਨ। ਵਿਗਾੜਗ੍ਰਸਤ ਜਾਨਵਰ ਆਮਤੌਰ ਤੇ ਉਨ੍ਹਾਂ ਦੇ ਸਭ ਤੋਂ ਪਹਿਲਾਂ ਬਿਮਾਰ ਦਿੱਖਣ ਤੋਂ 10 ਦਿਨਾਂ ਦੇ ਅੰਦਰ ਮਰ ਜਾਂਦੇ ਹਨ।

ਹਲਕਾਅ ਨਾਲ ਵਿਗਾੜਗ੍ਰਸਤ ਚਮਗਿੱਦੜ ਵੀ ਅਜੀਬ ਵਿਵਹਾਰ ਕਰ ਸਕਦੇ ਹਨ। ਚਮਗਿੱਦੜ ਆਮਤੌਰ ਤੇ ਰਾਤ ਨੂੰ ਕਿਰਿਆਸ਼ੀਲ ਹੁੰਦੇ ਹਨ, ਇਸ ਲਈ ਸੰਭਵ ਹੈ ਕਿ ਦਿਨ ਦੇ ਦੌਰਾਨ ਦਿਖਾਈ ਦੇਣ ਵਾਲੇ ਚਮਗਿੱਦੜ ਠੀਕ ਨਾ ਹੋਣ। ਕਮਜ਼ੋਰੀ ਅਤੇ ਉੱਡਣ ਦੀ ਸ਼ਕਤੀ ਦੀ ਕਮੀ ਹਲਕਾਅ ਜਾਂ ਦੂਸਰੇ ਵਿਗਾੜਾਂ ਜਿਵੇਂ ਕਿ ਵਾਇਟ ਨੋਜ਼ ਸਿੰਡਰੋਮ (White Nose Syndrome) ਦਾ ਨਤੀਜਾ ਹੋ ਸਕਦੇ ਹਨ। ਹਲਕਾਅ ਵਾਲੇ ਕਈ ਚਮਗਿੱਦੜ ਬਿਲਕੁਲ ਸੁਭਾਵਿਕ ਵਿਵਹਾਰ ਕਰਦੇ ਹੋਏ ਦਿਖ ਸਕਦੇ ਹਨ।

ਉੱਤੇ ਵਰਣਨ ਕੀਤੇ ਗਏ ਕਈ ਚਿੰਨ੍ਹਾਂ ਦੇ ਦੂਸਰੀਆਂ ਬਿਮਾਰੀਆਂ, ਸਵੈ-ਰੱਖਿਆ, ਗਰਮੀ, ਤਣਾਅ, ਭੁੱਖ ਅਤੇ ਮਨੁੱਖਾਂ ਦੇ ਆਦਿ ਹੋ ਜਾਣ ਸਮੇਤ ਕਈ ਦੂਸਰੇ ਕਾਰਨ ਹੋ ਸਕਦੇ ਹਨ।

## ਜੇ ਮੇਰਾ ਸੰਪਰਕ ਹਲਕਾਅ ਦੇ ਨਾਲ ਹੋ ਗਿਆ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਨੂੰ ਬਿਮਾਰ ਦਿਖਾਈ ਦੇਣ ਵਾਲੇ ਅਤੇ ਅਜੀਬ ਵਿਵਹਾਰ ਕਰਨ ਵਾਲੇ ਚਮਗਿੱਦੜ ਜਾਂ ਕਿਸੇ ਦੂਸਰੇ ਜਾਨਵਰ ਦੁਆਰਾ ਵੱਢਿਆ ਗਿਆ ਹੈ ਜਾਂ ਝਰੀਟ ਮਾਰ ਦਿੱਤੀ ਗਈ ਹੈ, ਸੰਭਵ ਹੈ ਕਿ ਤੁਹਾਡਾ ਸੰਪਰਕ ਹਲਕਾਅ ਨਾਲ ਹੋ ਗਿਆ ਹੋਵੇ। ਤੁਹਾਨੂੰ ਹੇਠਾਂ ਦਿੱਤੀਆਂ ਚੀਜ਼ਾਂ ਕਰਨੀਆਂ ਚਾਹੀਦੀਆਂ ਹਨ:

1. ਜ਼ਖਮ ਨੂੰ ਸਾਬਣ ਅਤੇ ਨਿੱਘੇ ਪਾਣੀ ਦੇ ਨਾਲ ਦਰਮਿਆਨੇ ਪ੍ਰੈਸ਼ਰ ਹੇਠ ਘੱਟੋ ਘੱਟ 15 ਮਿੰਟਾਂ ਲਈ ਧੋਵੋ। ਇਹ ਕਿਸੀ ਵੀ ਕਿਸਮ ਦੇ ਵਿਗਾੜ ਦੇ ਸੰਜੋਗ ਨੂੰ ਕਾਫੀ ਹੱਦ ਤੱਕ ਘਟਾਉਂਦਾ ਹੈ
2. ਤੁਰੰਤ ਹੀ ਆਪਣੇ ਸਿਹਤ ਸੰਭਾਲ ਪ੍ਰਦਾਤਾ ਜਾਂ ਸਥਾਨਕ ਪਬਲਿਕ ਹੈਲਥ ਯੂਨਿਟ ਕੋਲੋਂ ਮੈਡੀਕਲ ਦੇਖਭਾਲ ਭਾਲੋ

ਜੇ ਤੁਹਾਡਾ ਸੰਪਰਕ ਰੇਬੀਜ਼ ਵਾਇਰਸ ਨਾਲ ਹੋ ਗਿਆ ਹੈ, ਜਿੰਨੀ ਜਲਦੀ ਸੰਭਵ ਹੋਏ ਹਲਕਾਅ ਦੀ ਰੋਕਥਾਮ ਵਾਸਤੇ ਇਲਾਜ ਸ਼ੁਰੂ ਕਰਨਾ ਬਹੁਤ ਜ਼ਰੂਰੀ ਹੈ। ਆਮਤੌਰ ਤੇ ਮਨੁੱਖਾਂ ਵਿੱਚ ਹਲਕਾਅ ਦੇ ਲੱਛਣ ਸ਼ੁਰੂ ਹੋਣ ਤੋਂ ਪਹਿਲਾਂ 3 ਤੋਂ 8 ਹਫਤੇ ਲਗ ਸਕਦੇ ਹਨ ਪਰ ਇਸ ਤੋਂ ਜਿਆਦਾ ਸਮਾਂ ਵੀ ਲਗ ਸਕਦਾ ਹੈ। ਜੇ ਤੁਸੀਂ ਲੱਛਣ ਉਭਰਨ ਤੱਕ ਦਾ ਇੰਤਜ਼ਾਰ ਕਰਦੇ ਹੋ, ਤਾਂ ਆਮਤੌਰ ਤੇ ਪ੍ਰਭਾਵਕਾਰੀ ਮੈਡੀਕਲ ਇਲਾਜ ਸ਼ੁਰੂ ਕਰਨ ਲਈ ਬਹੁਤ ਜਿਆਦਾ ਦੇਰ ਹੋ ਜਾਂਦੀ ਹੈ। ਜੇ ਤੁਸੀਂ ਸੋਚਦੇ ਹੋ ਕਿ ਤੁਹਾਡਾ ਸੰਪਰਕ ਰੇਬੀਜ਼ ਵਾਇਰਸ ਨਾਲ ਹੋ ਗਿਆ ਹੈ, ਤਾਂ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਜਾਂ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ, ਇਸ ਗੱਲ ਦੀ ਪਰਵਾਹ ਕੀਤੇ ਹੋਏ ਕਿ ਤੁਹਾਡਾ ਸੰਪਰਕ ਨੂੰ ਹੋਏ ਕਿੰਨਾਂ ਸਮਾਂ ਹੋ ਗਿਆ ਹੈ। ਉਹ ਮੁਲਾਂਕਣ ਕਰਨਗੇ ਜੇ ਤੁਹਾਨੂੰ ਹਲਕਾਅ ਦੀ ਰੋਕਥਾਮ ਲਈ ਇਲਾਜ ਦੀ ਲੋੜ ਹੈ।

## ਹਲਕਾਅ ਨਾਲ ਸੰਪਰਕ ਲਈ ਕੀ ਇਲਾਜ ਹੈ?

ਹਲਕਾਅ ਦੀ ਰੋਕਥਾਮ ਲਈ ਇਲਾਜ ਤਾਂ ਹੀ ਕੰਮ ਕਰਦਾ ਹੈ ਜੇ ਉਸ ਨੂੰ ਲੱਛਣ ਉਭਰਨ ਤੋਂ ਪਹਿਲਾਂ ਸ਼ੁਰੂ ਕੀਤਾ ਜਾਂਦਾ ਹੈ। ਇਸ ਵਿੱਚ ਰੇਬੀਜ਼

ਇੰਮਯੂਨ ਗਲੋਬਿਯੂਲਿਨ ਅਤੇ ਰੇਬੀਜ਼ ਵੈਕਸੀਨ ਦੋਵੇਂ ਪ੍ਰਾਪਤ ਕਰਨਾ ਸ਼ਾਮਲ ਹੈ।

ਹੋਰ ਜਾਣਕਾਰੀ ਲਈ, HealthLinkBC File #07b ਰੇਬੀਜ਼ ਇੰਮਯੂਨ ਗਲੋਬਿਯੂਲਿਨ ਅਤੇ ਵੈਕਸੀਨ ਦੇਖੋ।

## ਹਲਕਾਅ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ?

**ਆਪਣੇ ਪਾਲਤੂ ਜਾਨਵਰਾਂ ਨੂੰ ਵੈਕਸੀਨਾਂ ਲਗਵਾਓ**

ਆਪਣੇ ਬਿੱਲੀ, ਕੁੱਤੇ, ਜਾਂ ਫੈਰੇਟ ਨੂੰ ਹਲਕਾਅ ਵਿਰੁੱਧ ਵੈਕਸੀਨਾਂ ਲਗਵਾਉਣ ਲਈ ਆਪਣੇ ਪਸ਼ੂ ਚਿਕਿਤਸਕ ਨਾਲ ਸਲਾਹ ਮਸ਼ਵਰਾ ਕਰੋ ਅਤੇ ਉਨ੍ਹਾਂ ਨੂੰ ਅੱਪ ਟੂ ਡੇਟ ਰੱਖੋ।ਅੰਦਰ ਰਹਿਣ ਵਾਲੀਆਂ ਬਿੱਲੀਆਂ ਨੂੰ ਵੀ ਵੈਕਸੀਨਾਂ ਲਗਵਾਈਆਂ ਜਾਣੀਆਂ ਚਾਹੀਦੀਆਂ ਹਨ ਕਿਉਂਕਿ ਉਹ ਬਾਹਰ ਨਿਕਲ ਸਕਦੀਆਂ ਹਨ ਜਾਂ ਉਨ੍ਹਾਂ ਦਾ ਸੰਪਰਕ ਘਰਾਂ ਦੇ ਅੰਦਰ ਦਾਖਲ ਹੋਣ ਵਾਲੇ ਚਮਗਿੱਦੜਾਂ ਨਾਲ ਹੋ ਸਕਦਾ ਹੈ।ਜੇ ਤੁਹਾਡੇ ਪਾਲਤੁ ਜਾਨਵਰ ਦਾ ਸਰੀਰਕ ਸੰਪਰਕ ਚਮਗਿੱਦੜ ਦੇ ਨਾਲ ਹੋ ਗਿਆ ਹੈ, ਤਾਂ ਆਪਣੇ ਪਸ਼ੂ ਚਿਕਿਤਸਕ ਨਾਲ ਸਲਾਹ ਮਸ਼ਵਰਾ ਕਰੋ।

**ਚਮਗਿੱਦੜਾਂ ਦੇ ਨਾਲ ਸੰਪਰਕ ਤੋਂ ਬਚੋ**

ਜੇ ਤੁਹਾਨੂੰ ਮਰਿਆ ਹੋਇਆ ਚਮਗਿੱਦੜ ਮਿਲਦਾ ਹੈ, ਤਾਂ ਉਸ ਨੂੰ ਆਪਣੇ ਨੰਗੇ ਹੱਥਾਂ ਨਾਲ ਨਾ ਛੂਓ।ਉਸ ਨੂੰ ਹੱਥ ਲਗਾਉਣ ਲਈ ਅਭਿੱਜ ਦਸਤਾਨੇ ਜਾਂ ਪਲਾਸਟਿਕ ਦੀ ਦੋਹਰੀ ਤਹਿ ਪਹਿਨੋ ਜਾਂ ਉਸਨੂੰ ਹੈਂਡਲ ਕਰਨ ਲਈ ਟ੍ਰੋਵਲ ਜਾਂ ਸਪੇਡ ਵਰਗੀ ਸੰਦ ਵਰਤੋ।

**ਜੇ ਤੁਹਾਡਾ ਸਰੀਰਕ ਸੰਪਰਕ ਇੱਕ ਜ਼ਿੰਦਾ ਚਮਗਿੱਦੜ** ਦੇ ਨਾਲ ਹੋ ਗਿਆ ਹੈ ਜਿਸ ਨੂੰ ਫੜਿਆ ਜਾ ਸਕਦਾ ਹੈ, ਤਾਂ ਤੁਸੀਂ ਹੇਠਾਂ ਦਿੱਤੀਆਂ ਚੀਜ਼ਾਂ ਕਰ ਸਕਦੇ ਹੋ:

- ਕਿਸੀ ਦੁਆਰਾ ਉਸ ਨੂੰ ਪਕੜਨ ਲਈ ਵਾਇਲਡਲਾਇਫ ਪੇਸ਼ੇਵਰ ਜਾਂ ਪੇਸਟ ਕੰਟਰੋਲ ਕੰਪਨੀ ਨਾਲ ਸੰਪਰਕ ਕਰੋ। ਸੰਭਵ ਹੈ ਕਿ ਤੁਹਾਡਾ ਸਥਾਨਕ ਪਬਲਿਕ ਹੈਲਥ ਯੂਨਿਟ ਸਹਾਇਤਾ ਕਰਨ ਲਈ ਕਿਸੀ ਦਾ ਸੁਝਾ ਦੇ ਸਕੇ
- ਜੇ ਚਮਗਿੱਦੜ ਨੂੰ ਪਕੜਨ ਲਈ ਕੋਈ ਵੀ ਉਪਲਬਧ ਨਹੀਂ ਹੈ, ਤਾਂ ਤੁਸੀਂ ਚਮਗਿੱਦੜ ਨੂੰ ਬਿਨਾਂ ਛੂਏ ਪਕੜਨ ਦੀ ਕੋਸ਼ਿਸ਼ ਕਰ ਸਕਦੇ ਹੋ ਤਾਂ ਕਿ ਹਲਕਾਅ ਲਈ ਉਸਦੀ ਜਾਂਚ ਕੀਤੀ ਜਾ ਸਕੇ
  - ਜੇ ਚਮਗਿੱਦੜ ਅੰਦਰ ਹੈ, ਤਾਂ ਖੇਤਰ ਦੇ ਅੰਦਰ ਸਾਰੇ ਦਰਵਾਜ਼ੇ ਅਤੇ ਖਿੜਕੀਆਂ ਨੂੰ ਬੰਦ ਕਰ ਦਿਓ
  - ਟੋਪੀ, ਚਮੜੇ ਦੇ ਦਸਤਾਨੇ, ਲੰਮੀਆਂ ਬਾਹਵਾਂ ਵਾਲੀ ਜੈਕਟ ਅਤੇ ਪੈਂਟ ਪਾਓ
  - ਚਮਗਿੱਦੜ ਨੂੰ ਹੱਥ ਲਗਾਏ ਬਿਨਾਂ, ਚਮਗਿੱਦੜ ਨੂੰ ਢੱਕਣ ਲਈ ਜੁੱਤਿਆਂ ਵਾਲਾ ਡੱਬਾ, ਕੌਫੀ ਕੈਨ, ਭੋਜਨ ਪਕਾਉਣ ਵਾਲਾ ਪਤੀਲਾ ਜਾਂ ਮਿਲਦਾ ਜੁਲਦਾ ਡੱਬਾ ਵਰਤੋ
  - ਡੱਬੇ ਦਾ ਮੂੰਹ ਬੰਦ ਕਰਨ ਲਈ ਗੱਤੇ ਦੇ ਇੱਕ ਟੁਕੜੇ ਨੂੰ ਉਸਦੇ ਥਲ਼ੇ ਸਰਕਾਓ
  - ਢੱਕੇ ਹੋਏ ਡੱਬੇ ਨੂੰ ਮਨੁੱਖੀ ਜਾਂ ਪਾਲਤੂ ਜਾਨਵਰਾਂ ਦੇ ਸੰਪਰਕ ਤੋਂ ਦੂਰ ਠੰਡੀ ਜਗ੍ਹਾ ਵਿੱਚ ਰੱਖੋ
  - ਚਮਗਿੱਦੜ ਨੂੰ ਮਾਰੋ ਨਹੀ
  - ਹੋਰ ਹਿਦਾਇਤਾਂ ਲਈ ਸਥਾਨਕ ਪਬਲਿਕ ਹੈਲਥ ਯੂਨਿਟ ਨਾਲ ਸੰਪਰਕ ਕਰੋ
  - ਡੱਬੇ ਨੂੰ ਉਬਲਦੇ ਪਾਣੀ ਨਾਲ ਸਾਫ ਕਰੋ

**ਜੇ ਤੁਹਾਡਾ ਜਾਂ ਤੁਹਾਡੇ ਪਾਲਤੂ ਜਾਨਵਰਾਂ ਦਾ ਸਰੀਰਕ ਸੰਪਰਕ ਚਮਗਿੱਦੜ ਦੇ ਨਾਲ ਨਹੀਂ ਹੋਇਆ ਹੈ** ਅਤੇ ਉਹ ਤੁਹਾਡੇ ਘਰ ਜਾਂ ਅਜਿਹੀ ਦੂਸਰੀ ਬੰਦ ਥਾਂ ਵਿੱਚ ਹੈ ਜਿਥੇ ਲੋਕ ਅਤੇ ਪਾਲਤੂ ਜਾਨਵਰ ਵੀ ਜਾਂਦੇ ਹਨ, ਤਾਂ ਚਮਗਿੱਦੜ ਨੂੰ ਪਕੜਨ ਦੀ ਕੋਸ਼ਿਸ਼ ਨਾ ਕਰੋ।

- ਚਮਗਿੱਦੜ ਨੂੰ ਆਪਣੇ ਆਪ ਬਾਹਰ ਉੱਡ ਜਾਣ ਦੇਣ ਲਈ ਦਰਵਾਜ਼ਾ ਬੰਦ ਕਰ ਦਿਓ ਅਤੇ ਖਿੜਕੀਆਂ ਖੋਲ੍ਹ ਦਿਓ।ਚਮਗਿੱਦੜ ਦੇ ਬਾਹਰ ਨਿਕਲ ਜਾਣ ਤੱਕ ਕਮਰੇ ਤੋਂ ਬਾਹਰ ਚਲੇ ਜਾਓ
- ਜੇ ਅਜਿਹਾ ਸੰਭਵ ਨਹੀਂ ਹੈ, ਉਸ ਨੂੰ ਕਿਸੀ ਕੋਲੋਂ ਪਕੜਵਾਉਣ ਲਈ ਵਾਇਲਡਲਾਇਫ ਪੇਸ਼ੇਵਰ ਜਾਂ ਪੇਸਟ ਕੰਟਰੋਲ ਕੰਪਨੀ ਨਾਲ ਸੰਪਰਕ ਕਰੋ

ਜੇ ਚਮਗਿੱਦੜ ਤੁਹਾਡੇ ਐਟਿਕ ਜਾਂ ਘਰ ਵਿੱਚ ਰਹਿੰਦੇ ਹਨ, ਤਾਂ ਸਲਾਹ ਲਈ ਬੀ ਸੀ ਕਮਿਊਨਿਟੀ ਬੈਟ ਪ੍ਰੋਗਰਾਮ ਨਾਲ 1 855 9BC-BATS (1 855 922-2287) ਤੇ ਜਾਂ ਆਪਣੇ ਮਨਿਸਟਰੀ ਆਫ ਫੌਰੈਸਟਸ, ਲੈਂਡਜ਼, ਨੈਚੂਰਲ ਰਿਸੋਰਸਿਜ਼ ਆਪਰੇਸ਼ਨਜ਼ ਐਂਡ ਰੂਰਲ ਡੇਵੇਲਪਮੈਂਟ ਦੇ ਨਜ਼ਦੀਕੀ ਸਥਾਨਕ ਆਫਿਸ ਨਾਲ ਸੰਪਰਕ ਕਰੋ। www.bcbats.ca ਤੇ ਵੀ ਜਾਓ।

**ਸਫਰ ਕਰਨ ਵੇਲੇ ਸਾਵਧਾਨੀਆਂ ਵਰਤੋ**

ਜੇ ਤੁਸੀਂ ਇੱਕ ਮਹੀਨੇ ਜਾਂ ਤੁਸ ਤੋਂ ਵੱਧ ਲਈ ਇੱਕ ਵਿਕਾਸਸ਼ੀਲ ਮੁਲਕ ਵਿੱਚ ਸਫਰ ਕਰ ਰਹੇ ਹੋ ਜਿਥੇ ਹਲਕਾਅ ਅਕਸਰ ਵੱਖ ਵੱਖ ਜਾਨਵਰਾਂ ਵਿੱਚ ਪਾਇਆ ਜਾਂਦਾ ਹੈ, ਤਾਂ ਜਾਣ ਤੋਂ ਪਹਿਲਾਂ ਹਲਕਾਅ ਲਈ ਟੀਕੇ ਲਗਵਾਉਣ ਬਾਰੇ ਸੋਚੋ। ਟ੍ਰੈਵਲ ਕਲੀਨਿਕ ਵਿੱਚ ਸਲਾਹ ਪ੍ਰਾਪਤ ਕਰੋ।

ਜੇ ਬੀਸੀ ਦੇ ਬਾਹਰ ਕਿਸੀ ਜਾਨਵਰ ਦੁਆਰਾ ਤੁਹਾਡੇ ਤੇ ਹਮਲਾ ਕੀਤਾ ਜਾਂਦਾ ਹੈ ਜਾਂ ਤੁਹਾਨੂੰ ਵੱਢਿਆ ਜਾਂਦਾ ਹੈ, ਤਾਂ ਤੁਹਾਨੂੰ ਉਸ ਥਾਂ ਤੇ ਅਤੇ ਬੀ.ਸੀ. ਵਿੱਚ ਤੁਹਾਡੀ ਵਾਪਸੀ ਤੋਂ ਬਾਅਦ ਹਲਕਾਅ ਦੀ ਰੋਕਥਾਮ ਲਈ ਇਲਾਜ ਬਾਰੇ ਮੈਡੀਕਲ ਸਲਾਹ ਪ੍ਰਾਪਤ ਕਰਨੀ ਚਾਹੀਦੀ ਹੈ, ਭਾਵੇਂ ਤੁਹਾਡੇ ਵੱਢੇ ਜਾਣ ਤੋ ਬਾਅਦ ਕਿੰਨਾਂ ਵੀ ਸਮਾਂ ਬੀਤ ਗਿਆ ਹੈ।

ਜੇ ਕਿਸੇ ਹੋਰ ਮੁਲਕ ਵਿੱਚ ਹਲਕਾਅ ਨਾਲ ਸੰਪਰਕ ਤੋਂ ਬਾਅਦ ਤੁਹਾਨੂੰ ਟੀਕੇ ਲਗਾਏ ਗਏ ਹਨ, ਤਾਂ ਤੁਹਾਨੂੰ ਰੇਬੀਜ਼ ਇੰਮਯੂਨ ਗਲੋਬਿਯੂਲਿਨ ਅਤੇ ਰੇਬੀਜ਼ ਵੈਕਸੀਨ ਲੇਬਲਾਂ ਦੀਆਂ ਕਾਪੀਆਂ ਸਮੇਤ ਵਰਤੇ ਗਏ ਸਾਰੇ ਉਤਪਾਦਾਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ।ਉਨ੍ਹਾਂ ਨੂੰ ਬੀਸੀ ਵਿੱਚ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਇਹ ਯਕੀਨੀ ਬਣਾਉਣ ਲਈ ਦਿਖਾਓ ਕਿ ਉਹ ਕਾਫੀ ਹਨ।ਮੈਡੀਕਲ ਤਵੱਜੋ ਲਈ ਕੈਨੇਡਾ ਵਿੱਚ ਘਰ ਵਾਪਸ ਆਉਣ ਬਾਰੇ ਸੋਚੋ।